# .ਗਦਰ ਲਹਿਰ ਦੀ ਇਤਿਹਾਸਕਾਰੀ

**.ਗਦਰ ਲਹਿਰ ਦੀ ਕਹਾਣੀ, .ਗਦਰੀ ਬਾਬਿਆਂ ਦੀ ਜਬਾਨੀ**

ਮਲਵਿੰਦਰ ਜੀਤ ਸਿੰਘ ਵੜੈਚ

"ਹਮ ਭੀ ਮੂੰਹ ਮੇਂ ਜੁਬਾ ਰੱਖਤੇ ਹੈਂ, ਕਾਸ਼ ਪੂਛੋ ਕਿ ਮੁਦਾਅ ਕਿਆ ਹੈ।"

ਗੱਲ੍ਹ ਲਗਭਗ ਪੰਜ ਵਰ੍ਹੇ ਪਹਿਲਾਂ ਦੀ ਹੈ। ਮੌਕਾ ਮੇਲ ਸੀ ਅੰਤਰ-ਰਾਸ਼ਟਰੀ .ਗਦਰ ਸ਼ਤਾਬਦੀ ਸਮਾਰੋਹ ਦਾ, ਜੋ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ 6-7-8 ਮਾਰਚ 2014 ਨੂੰ ਹੋਇਆ ਸੀ। '.ਗਦਰੀ ਬਾਬਿਆਂ ਦੇ ਮੁਨਸ਼ੀ' ਦੀ ਵਾਰੀ ਆਈ, ਤੀਜੇ ਦਿਨ (8 ਮਾਰਚ 2014) ਦੇ ਅਖੀਰਲੇ ਸੈਸ਼ਨ 'ਚ, ਪੇਪਰ ਪੜ੍ਹਣ ਦੀ। ਇਸ .ਗਦਰੀ ਬਾਬਿਆਂ ਦੇ ਮੁਨਸ਼ੀ ਨੇ ਜਿਸ ਦੌਰਾਨ 7 .ਗਦਰੀ ਬਾਬਿਆਂ ਦੀਆਂ ਸਵੈ-ਜੀਵਨੀਆਂ, ਜੋ 6 ਮਾਰਚ ਸਵੇਰ ਤੋਂ ਪੰਡਾਲ ਦੇ ਮੁੱਖ-ਦਵਾਰ ਤੇ ਪ੍ਰਦਰਸ਼ਤ ਹੋ ਰਹੀਆਂ ਸਨ, ਵੱਲ ਸੰਕੇਤ ਕਰਦਿਆਂ, ਗਾਲਿਬ ਦਾ ਉਪਰਲਾ ਸੇਅਰ ਬੋਲਿਆ ਤਾਂ ਸਰੋਤਿਆਂ 'ਚ ਤਕਰੀਬ ਕਾਨਾਫੂਸੀ ਛਿੜ ਗਈ। ਹਾਜਰ ਨੇ, ਉਹਨਾਂ 7 .ਗਦਰੀਆਂ ਦੇ ਸੰਖੇਪ ਜੀਵਨ ਵੇਰਵੇ:-

**1. ਬਾਬਾ ਸੋਹਨ ਸਿੰਘ ਭਕਨਾ (1870-1968):**

.ਗਦਰ ਪਾਰਟੀ ਦੇ ਪਹਿਲੇ ਪ੍ਰਧਾਨ ਜਿਨ੍ਹਾਂ ਨੂੰ ਦੇਸ਼ ਭਗਤੀ ਦੀ ਜਾਗ ਲਾਈ ਸੀ ਨਾਮਧਾਰੀ ਵਿਦਰੋਹੀ ਦਰਵੇਸ਼ ਬਾਬਾ ਕੇਸਰ ਨੇ 1896 'ਚ ਤੇ ਉਹਨਾਂ ਦੀ ਸੰਗਤ 'ਚ ਗੁਜ਼ਾਰੇ 13 ਸਾਲ ਭਾਵ 1909 ਤੀਕ ਜਦੋਂ ਉਹਨਾਂ ਨੂੰ ਘਰੇਲੂ ਤੰਗੀਆਂ-ਤੁਰਸ਼ੀਆਂ ਤਹਿਤ ਅਮਰੀਕਾ ਜਾਣਾ ਪੈ ਗਿਆ। ਉਥੇ ਉਨ੍ਹਾਂ .ਗਦਰ ਪਾਰਟੀ ਦੀ ਜਥੇਬੰਦੀ, ਵਿਚਾਰਧਾਰਾ ਤੋਂ ਲੈ ਕੇ ਜ਼ਮੀਨੀ ਪੱਧਰ ਤਕ ਦੇ ਨਿਰਮਾਨ 'ਚ ਫ਼ੈਸਲਾਕੁਨ ਭੂਮਿਕਾ ਨਿਭਾਈ। ਜੁਲਾਈ 1914 'ਚ ਪਾਰਟੀ ਵੱਲੋਂ ਕੋਮਾਗਾਟਾ ਮਾਰੂ ਜਹਾਜ਼ ਦੇ ਆਗੂਆਂ ਅਤੇ ਮੁਸਾਫ਼ਰਾਂ ਨਾਲ ਸਹਿਯੋਗ ਖ਼ਾਤਰ ਹਥਿਆਰ ਤੇ .ਗਦਰੀ ਸਾਹਿਤ ਲੈ ਕੇ ਜਾਪਾਨ ਨੂੰ ਚਲ ਪਏ। ਯੋਕੋਹਾਮਾ ਪਹੁੰਚੇ ਤੇ ਇਹ ਸਮਗਰੀ ਉਹਨਾਂ ਨੂੰ ਸੌਂਪੀ ਤੇ .ਗਦਰ ਪਾਰਟੀ ਦੀ ਵਿਚਾਰਧਾਰਾ ਦੇ ਧਾਰਨੀ ਬਨਾਇਆ। 14 ਅਕਟੂਬਰ 1914 ਨੂੰ ਕਲਕੱਤਾ ਪੁਜਣ ਤੇ ਗ੍ਰਿਫ਼ਤਾਰੀ, ਪਹਿਲਾਂ ਫਾਂਸੀ ਦੀ ਸਜ਼ਾ, ਫਿਰ ਘਟਾਕੇ ਉਮਰ ਕੈਦ-ਕਾਲਾ ਪਾਣੀ ਦੀ ਸਜ਼ਾ 'ਚ ਤਬਦੀਲ ਹੋਈ। ਅੰਡੇਮਾਨ-ਕਾਲਾ ਪਾਣੀ ਵਿਖ ਆਪਣੇ ਅਤੇ ਸਾਥੀਆਂ ਹੱਕਾਂ ਲਈ ਲੰਮੀਆਂ ਭੁੱਖ ਹੜਤਾਲਾਂ, 1921 'ਚ ਦੇਸ਼ ਦੀਆਂ ਦੂਜੀਆਂ ਜੇਲ੍ਹਾਂ ਵਿੱਚ ਬਦਲੀ ਤੇ ਦੂਜੇ ਜੇਲ੍ਹੀਂ ਸਾਥੀਆਂ ਲਈ ਭੁੱਖ ਹੜਤਾਲਾਂ ਅਤ 16 ਸਾਲ ਦੀ ਕੈਦ ਭੁਗਤਣ ਉਪਰੰਤ 1930 'ਚ ਰਿਹਾਈ ਹੋਈ। ਫਿਰ ਕਾਂਗਰਸ ਪਾਰਟੀ 'ਚ ਸਰਗਰਮ ਹੋ ਗਏ ਤੇ ਪਿਛੋਂ ਕਿਸਾਨ ਸਭਾ ਅਤੇ ਕਮਿਊਨਿਸਟ ਪਾਰਟੀ 'ਚ ਅਹਿਮ ਭੂਮਿਕਾਵਾਂ ਨਿਭਾਈਆਂ। ਅਖੀਰਲੇ ਦਿਨੀਂ (1966-68) ਦਿਸ਼ਾ ਮੁਖੀ ਲਿਖਤਾਂ "ਦੁੱਖ", "ਜੀਵਨ ਕਰਤਵ" ਤੋਂ ਇਲਾਵਾ ਆਪਣੀ ਸਵੈ ਜੀਵਨੀ "ਜੀਵਨ ਸੰਗਰਾਮ" ਦੀ ਰਚਨਾ ਕੀਤੀ, ਜੋ ਯੁਵਕ ਕੇਂਦਰ, ਜਲੰਧਰ ਦੁਆਰਾ ਪ੍ਰਕਾਸ਼ਤ ਕੀਤੀਆਂ ਗਈਆਂ ਤਾਕਿ ਨੌਜਵਾਨਾਂ ਨੂੰ ਇਨਕਲਾਬੀ ਵਿਰਸੇ ਨਾਲ ਜੋੜਿਆ ਜਾ ਸਕੇ।

**2. ਲਾਲਾ ਰਾਮ ਸ਼ਰਨ ਦਾਸ ਤਲਵਾੜ (1888-1963):**

ਐਫ਼.ਏ. ਕਰਕੇ 1907 'ਚ ਇੱਕ ਇਨਕਲਾਬੀ ਪਾਰਟੀ ਬਣਾਈ ਤੇ ਛੇਤੀ ਮਗਰੋਂ 1908 ਵੇਲੇ ਬੰਗਾਲੀ ਖੁਫ਼ੀਆ ਇਨਕਲਾਬੀ ਜਥੇਬੰਦੀ 'ਚ ਰਲ੍ਹ ਗਏ। ਆਪਣੇ ਘਰ ਖੁਫ਼ੀਆ ਪ੍ਰਿੰਟਿੰਗ ਪ੍ਰੈਸ ਲਗਾਕੇ ਇਨਕਲਾਬੀ ਸਾਹਿਤ "ਲਿਬਰਟੀ" ਦੇ ਸਿਰਲੇਖ ਹੇਠਾਂ ਛਾਪਦੇ ਰਹੇ, ਜੋ ਮਾਅਰਕੇ ਦੀਆਂ ਰਚਨਾਵਾਂ ਹੋ ਨਿਬੜੀਆਂ। ਦਸੰਬਰ 1912 ਵਾਲੇ ਹਾਰਡਿੰਗ ਬੰਬ ਕੇਸ 'ਚ ਸ਼ਾਮਿਲ ਪਾਏ ਗਏ, ਪਰ ਸਬੂਤਾਂ ਦੀ ਘਾਟ ਕਰਕੇ ਵਾਲ-ਵਾਲ ਬਚ ਗਏ। ਨਵੰਬਰ 1914 ਦੌਰਾਨ .ਗਦਰ ਪਾਰਟੀ ਅਤੇ ਬੰਗਾਲੀ ਇਨਕਲਾਬੀ ਰਾਸ ਬਿਹਾਰੀ ਬੋਸ ਨਾਲ ਸਾਂਝ-ਭਿਆਲੀ ਇਹਨਾਂ ਹੀ ਨੇਪਰੇ ਚਾੜ੍ਹੀ

ਸੀ। 23 ਫਰਵਰੀ 1915 ਨੂੰ ਗ੍ਰਿਫਤਾਰ ਹੋਏ, ਪਹਿਲਾਂ ਫਾਂਸੀ ਦੀ ਸਜ਼ਾ ਹੋਈ, ਪਰ ਫਿਰ ਘਟਾਕੇ ਉਮਰ ਕੈਦ-ਕਾਲੇ ਪਾਣੀ ਭੇਜੇ ਗਏ, ਜਿਥੇ ਸਾਥੀਆਂ ਨਾਲ ਲੰਮੀਆਂ ਭੁੱਖ ਹੜਤਾਲਾਂ ਕੀਤੀਆਂ। 1921 'ਚ ਭਾਰਤ ਦੀਆਂ ਦੂਜੀਆਂ ਜੇਲ੍ਹਾਂ ਵਿਚ ਪਰਤ ਕੇ ਜੇਲ੍ਹ 'ਚ ਹੀ ਇੱਕ ਲੰਮੀ ਸਾਰੀ ਕਵਿਤਾ "ਡ੍ਰੀਮ ਲੈਂਡ" ਦੀ ਰਚਨਾ ਕੀਤੀ, ਪਿਛੋਂ ਜਿਸਦੀ ਭੂਮਿਕਾ ਸ਼ਹੀਦ ਭਗਤ ਸਿੰਘ ਨੇ ਜਨਵਰੀ 1931 'ਚ ਲਿਖੀ ਸੀ। ਇਹ 19……  ਵਿੱਚ ਰਿਹਾਅ ਹੋਏ ਸਨ। ਇਨ੍ਹਾਂ ਐਚ.ਆਰ.ਏ. 'ਚ ਸਰਗਰਮ ਭੂਮਿਕਾ ਨਿਭਾਈ ਸੀ। ਏਥੋਂ ਤਕ ਕਿ ਉਹਨਾਂ ਨੇ ਪੂਰਾ ਜ਼ੋਰ ਲਾਇਆ ਸੀ ਕਿ ਅਸੈਂਬਲੀ 'ਚ ਬੰਬ ਸੁਟਣ ਲਈ ਉਹਨਾਂ ਨੂੰ ਭੇਜਿਆ ਜਾਏ, ਨਾ ਕਿ ਪਾਰਟੀ ਦੇ 'ਦਿਮਾਗ਼' ਨੌਜਵਾਨ ਭਗਤ ਸਿੰਘ ਨੂੰ।

ਇਨ੍ਹਾਂ ਹਿੰਦੀ ਵਿੱਚ ਆਪਣੀ ਆਤਮ ਕਥਾ 1955 'ਚ ਲਿਖੀ ਸੀ, ਜੋ ਇਸ ਲੇਖਕ ਨੇ ਅੰਗਰੇਜ਼ੀ 'ਚ "Revolutionaries in Dialogue" ਵਜੋਂ ਉਲਥ ਕੇ ਯੂਨੀਸਟਾਰ ਪਬਲੀਕੇਸ਼ਨ ਚੰਡੀਗੜ੍ਹ ਤੋਂ 2007 'ਚ ਪਰਕਾਸ਼ਤ ਕਰਵਾਈ ਸੀ।

**3. (ਸੰਤ) ਬਾਬਾ ਵਸਾਖਾ ਸਿੰਘ ਦਦੇਹਰ (ਅੰਮ੍ਰਿਤਸਰ) 1877-1957:**

ਇਕ ਸਾਬਕਾ ਫੌਜੀ ਜੋ ਨੌਕਰੀ ਦੌਰਾਨ ਹੀ ਦਰਵੇਸ਼ੀ ਬਿਰਤੀਆਂ 'ਚ ਓਤ-ਪ੍ਰੋਤ ਰਹੇ ਸਨ। ਨੌਕਰੀ ਛੱਡ ਕੇ 1909 'ਚ ਅਮਰੀਕਾ ਚਲੇ ਗਏ, ਜਿਥੇ ਬਾਬਾ ਜਵਾਲਾ ਸਿੰਘ (ਠੱਠੀਆਂ-ਅੰਮ੍ਰਿਤਸਰ) ਨਾਲ ਰਲ੍ਹਕੇ ਇਕ ਵੱਡੇ ਸਾਰੇ ਰਕਬੇ 'ਚ ਆਲੂਆਂ ਦਾ ਫਾਰਮ ਸੰਜੋਇਆ, ਜਿਸ ਵਜੋਂ ਇਹ 'ਆਲੂਆਂ ਦੇ ਬਾਦਸ਼ਾਹ' (Potato King) ਵਜੋਂ ਪ੍ਰਸਿੱਧ ਹੋ ਗਏ। ਇਨ੍ਹਾਂ ਦਾ ਫਾਰਮ ਕੈਲੇਫੋਰਨੀਆ 'ਚ ਸਟਾਕਟਨ ਸ਼ਹਿਰ ਦੇ ਲਾਗੇ ਚਾਗੇ ਸੀ, ਇਥੇ ਹੀ ਉਹਨਾਂ ਨੇ ਅਮਰੀਕਾ ਦੀ ਧਰਤੀ ਤੇ ਪਹਿਲਾ ਗੁਰਦੁਆਰਾ (1908 'ਚ) ਸਥਾਪਤ ਕੀਤਾ, ਜੀਹਦੇ ਲਈ ਸਿਖਾਂ ਤੋਂ ਇਲਾਵਾ ਹਿੰਦੂਆਂ ਅਤੇ ਮੁਸਲਮਾਨਾਂ ਨੇ ਵੀ ਯੋਗਦਾਨ ਪਾਇਆ, ਜੋ ਸਰਬੱਤ ਪੰਜਾਬੀਆਂ ਦਾ "Community Centre" ਹੋ ਨਿਬੜਿਆ ਤੇ ਪਿਛੋਂ ਗ਼ਦਰ ਲਹਿਰ ਦੀ 'ਨਰਸਰੀ' ਵੀ। ਜੁਲਾਈ 1914 'ਚ ਪਹਿਲੀ ਵਿਸ਼ਵ ਜੰਗ ਦੌਰਾਨ ਗ਼ਦਰ ਮਚਾਉਣ ਲਈ ਵਾਪਸ ਆਏ ਤੇ ਗ਼ਦਰ ਲਈ ਪੇਂਡੂ ਜਨਤਾ ਨੂੰ ਲਾਮਬੰਦ ਕੀਤਾ। ਉਮਰ ਕੈਦ-ਕਾਲੇ ਪਾਣੀ ਦੀਆਂ ਭੁੱਖ-ਹੜਤਾਲਾਂ ਕਾਰਨ ਇਹਨਾਂ ਦਾ ਸਜ਼ਾ ਫੇਫੜਾ ਸਦਾ ਲਈ ਨਾਕਾਰਾ ਹੋ ਗਿਆ। ਆਮ ਮੁਆਫ਼ੀ ਤਹਿਤ 14.04.1920 ਨੂੰ ਰਿਹਾਈ ਮਗਰੋਂ ਸ਼ਹੀਦ ਤੇ ਉਮਰ ਕੈਦੀ ਸਾਥੀਆਂ ਦੇ ਪਰਿਵਾਰਾਂ ਦੀ ਦੇਖ-ਰੇਖ ਲਈ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਦਾ ਗਠਨ ਕੀਤਾ ਤੇ ਖੁਦ ਆਪ ਮਾਈਆ ਦੀ ਉਗਰਾਹੀ ਕਰਕ, ਲੋੜਵੰਦ ਪਰਵਾਰਾਂ ਕੋਲ਼ ਪੈਦਲ ਚਲ ਕੇ ਜਾਂਦੇ ਰਹੇ। ਉਨ੍ਹਾਂ ਸਿੱਖੀ ਮਰਯਾਦਾ ਤੇ ਪਹਿਰਾ ਦੇਂਦੇ ਹੋਏ ਸਮਰਪਤ ਕਮਿਉਨਿਸਟ ਵਜੋਂ ਵੀ ਵਿਲਖਣ ਪਛਾਣ ਬਨਾਈ। ਉਹਨਾਂ ਵੱਲੋਂ 1922 'ਚ ਛੰਦਾਬੰਦੀ 'ਚ ਲਿਖੀ ਉਹਨਾਂ ਦੀ ਆਤਮ ਕਥਾ ਨੂੰ ਇਸ ਲੇਖਕ ਨੇ ਭਾਲਕੇ ਸੰਨ 2000 'ਚ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੋਂ ਡਾਕਟਰ ਖੜਕ ਸਿੰਘ ਜੀ ਦੀ ਥਾਪੜਾ ਨਾਲ ਪਰਕਾਸ਼ਤ ਕਰਵਾਈ ਸੀ।

**4. ਬਾਬਾ ਹਰੀ ਸਿੰਘ ਉਸਮਾਨ (1879-1969) ਜੀਵਨ ਝਲਕ:**

***ਹਰੀ ਸਿੰਘ***

ਜਨਮ : 20 ਅਕਤੂਬਰ 1879

ਫ਼ੌਜ ਵਿਚ : 20.10.1898 ਤੋਂ 1.4.1905

ਵਿਦੇਸ਼ : 30 ਅਕਤੂਬਰ 1907

ਗਦਰ ਪਾਰਟੀ ਵਿਚ : 15 ਅਕਤੂਬਰ 1914

ਹਥਿਆਰਾਂ ਦਾ ਜਹਾਜ਼ ਲੈ ਕੇ ਅਮਰੀਕਾ ਤੋਂ ਰਵਾਨਗੀ : 15.4.1915.

ਜਾਵਾ (ਇੰਡੋਨੇਸ਼ੀਆ) ਪਹੁੰਚਣਾ : ਸਤੰਬਰ 1915

***ਉਸਮਾਨ ਖਾਂ***

ਉਸਮਾਨ ਖਾਂ ਦੇ ਨਾਂ ਹੇਠ

ਸ਼ਾਦੀ, ਬੱਚੇ, ਜ਼ਮੀਨ : 1915 ਤੋਂ 1937

***ਬਾਬਾ ਉਸਮਾਨ***

ਆਜ਼ਾਦ ਹਿੰਦ ਲੀਗ ਤੇ ਫ਼ੌਜ :

ਜਨਵਰੀ 1938 ਤੋਂ ਨਵੰਬਰ 1944

***ਬਾਗੀ ਉਸਮਾਨ***

ਵਾਪਸ ਜਾਵਾ : 1945

ਕੱਟੜਵਾਦੀਆਂ ਹੱਥੋਂ ਮੌਤ ਦੰਡ : ਨਵੰਬਰ 1945

ਡੱਚ ਸਾਮਰਾਜੀਆਂ ਦੀ ਕੈਦ

ਜਨਵਰੀ 1948 ਤੋਂ ਸਤੰਬਰ 1948

***ਬਾਬਾ ਹਰੀ ਸਿੰਘ ਉਸਮਾਨ***

ਦੇਸ਼ ਵਾਪਸੀ : 1 ਅਕਤੂਬਰ 1948

**ਸਵਰਗਵਾਸ :** 15 ਅਗਸਤ 1969

ਆਪ ਜੀ ਦੀ ਆਤਮ ਕਥਾ "ਡਾਇਰੀ ਬਾਬਾ ਹਰੀ ਸਿੰਘ ਉਸਮਾਨ" ਇਸ ਲੇਖਕ ਵਲੋਂ ਸੰਜੋਅ ਕੇ 1991 'ਚ ਰਵੀ ਸਾਹਿਤ ਪਰਕਾਸ਼ਨ, ਅੰਮ੍ਰਿਤਸਰ ਤੋਂ ਪਰਕਾਸ਼ਤ ਕਰਵਾਈ, ਜੋ 31 ਮਾਰਚ 1991 ਨੂੰ ਉਨ੍ਹਾਂ ਦੇ ਪਿੰਡ ਪ੍ਰਸਿੱਧ ਇਨਕਲਾਬੀ-ਨਾਵਲਿਸਟ ਗਿਆਨੀ ਕੇਸਰ ਸਿੰਘ ਵਲੋਂ ਲੋਕ ਅਰਪਨ ਕੀਤੀ ਗਈ ਸੀ।

**5. ਬਾਬਾ ਹਰਨਾਮ ਸਿੰਘ ਕਾਲਾ ਸੰਘਿਆ (1887-1978):**

ਆਪ 26 ਨੰਬਰ ਪੰਜਾਬੀ ਰਸਾਲੇ 'ਚ ਭਰਤੀ ਹੋਕੇ 1912-13 ਦੌਰਾਨ ਹਾਂਗ ਕਾਂਗ ਗਏ, ਜਿਥੇ ਉਹ ਹੋਰ ਸਾਥੀਆਂ ਵਾਂਗ ਐਤਵਾਰ ਨੂੰ ਉਥੋਂ ਦੇ ਗੁਰਦੁਆਰੇ ਦੇ ਗ੍ਰੰਥੀ-ਗਿਆਨੀ ਭਗਵਾਨ ਸਿੰਘ ਦੇ ਜੋਸ਼ੀਲੇ ਵਿਦਰੋਹੀ ਲੈਕਚਰ ਸੁਣਕੇ ਬਹੁਤ ਪਰਭਾਵਤ ਹੋਏ। ਏਥੋਂ ਤਕ ਕਿ ਜਦ ਫੌਜੀਆਂ ਦੇ ਗੁਰਦੁਆਰੇ ਜਾਣ ਤੇ ਪਾਬੰਦੀ ਲਾ ਦਿੱਤੀ, ਤਾਂ ਵੀ ਪਾਬੰਦੀ ਦੇ ਬਾਵਜੂਦ ਇਹ ਕੁਝ ਜਣੇ ਉਥੇ ਜਾਣੋ ਨਹੀਂ ਹੱਟੇ। ਫਿਰ ਜਦ ਕੁਝ ਸਿਪਾਹੀਆਂ ਕੋਲੋਂ 'ਗ਼ਦਰ' ਅਖ਼ਬਾਰ ਦੀਆਂ ਕਾਪੀਆਂ ਬਰਾਮਦ ਹੋਈਆਂ ਤਾਂ ਸਰਕਾਰ ਨੇ ਖਤਰਨਾਕ ਸਿਪਾਹੀਆਂ ਨੂੰ ਪਲਟਨ ਦੇ ਡੀਪੂ ਕਰਾਚੀ ਭੇਜ ਦਿੱਤਾ ਗਿਆ।

ਪਹਿਲੀ ਸੰਸਾਰਿਕ ਜੰਗ ਦੌਰਾਨ ਇਹਨਾਂ ਦੀ ਪਲਟਨ ਫਿਰੋਜ਼ਪੁਰ ਆ ਗਈ, ਜਿਥੇ ਇਹਨਾਂ ਦੇ ਹਮ-ਖਿਆਲ ਸਾਥੀਆਂ ਕੋਲ ਸਰਾਭੇ ਦਾ ਆਉਣ-ਜਾਣ ਸ਼ੁਰੂ ਹੋ ਗਿਆ, ਤੇ ਫੌਜੀਆਂ ਦੇ ਵਿਦਰੋਹ ਦਾ ਅੱਡਾ ਬਣ ਗਏ। ਸਰਕਾਰ ਨੂੰ ਸੂਹ ਮਿਲਣ ਤੇ ਇਹਨਾਂ ਨੂੰ 19 ਫਰਵਰੀ ਦੀ ਮਿਥੀ ਤਾਰੀਖ਼ ਤੋਂ ਇਕ ਦਿਨ ਪਹਿਲਾਂ ਡਿਸਚਾਰਜ ਕਰਕੇ ਗਾਰਦ ਨਾਲ ਪਿੰਡ ਭੇਜ ਦਿੱਤਾ ਗਿਆ। ਕੁਝ ਦਿਨਾਂ ਮਗਰੋਂ ਲਾਹੌਰ 'ਚ ਪੁਲਿਸ ਮੁਕਾਬਲੇ 'ਚ ਸ਼ਹੀਦ ਗ਼ਦਰੀ ਦੀ ਜੇਬ 'ਚੋਂ ਇਹਨਾਂ ਦਾ ਨਾਂ ਪਤਾ ਮਿਲਣ ਤੇ ਗ੍ਰਿਫਤਾਰ ਕਰ ਲਿਆ ਗਿਆ ਤੇ ਦੂਜੇ ਲਾਹੌਰ ਸਾਜਿਸ਼ ਕੇਸ 'ਚ ਇਹਨਾਂ ਨੂੰ ਉਮਰ ਕੈਦ ਹੋਈ। ਸਿੱਟੇ ਵਜੋਂ ਇਹਨਾਂ 21 ਸਾਲ ਲਗਾਤਾਰ ਜੇਲ੍ਹ 'ਚ ਕੱਟੀ, ਕਿਉਂਕਿ ਇਹਨਾਂ ਜੇਲ੍ਹੀ ਮਾਫ਼ੀਆ (ਛੋਟਾਂ) ਲੈਣ ਤੋਂ ਵੀ ਇਨਕਾਰ ਕਰ ਦਿੱਤਾ।

ਉਹਨਾਂ ਦੀ ਸਵੈਜੀਵਨੀ ਉਹਨਾਂ ਦੀ "ਆਤਮ ਕਥਾ ਬਾਬਾ ਹਰਨਾਮ ਸਿੰਘ ਕਾਲਾ ਸੰਘਿਆ" ਇਸ ਲੇਖਕ ਵੱਲੋਂ ਹੀ ਸੰਪਾਦਤ ਕੀਤੀ ਗਈ ਸੀ, ਜੋ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਵਲੋਂ 2011 'ਚ ਪ੍ਰਕਾਸ਼ਤ ਹੋਈ।

**6. ਬਾਬਾ ਸੱਜਣ ਸਿੰਘ ਨਾਰੰਗਵਾਲ (1898-1982):**

ਆਪਣੇ 8-9 ਜਮਾਤੀਆਂ ਸਮੇਤ ਲੁਧਿਆਨੇ ਤੋਂ ਸਕੂਲੀ ਪੜ੍ਹਾਈ ਦੌਰਾਨ ਇਨ੍ਹਾਂ ਦਾ ਹੋਸਟਲ ਗ਼ਦਰੀਆਂ ਲਈ ਇੱਕ ਠਾਹਰ ਬਣ ਗਿਆ, ਜਿਥੋਂ ਗਦਰੀ ਸਾਹਿਤ ਵੀ ਸਾਈਕਲੋਸਟਾਈਲ ਕਰਕ ਵਡਿਆ ਜਾਣ ਲਗ ਪਿਆ।

ਇਸ ਨੌਜਵਾਨ ਨੇ ਛੇਤੀ ਹੀ ਪਾਰਟੀ 'ਚ ਆਪਣੀ ਵਿਲਖਣ ਥਾਂ ਬਣਾ ਲਈ ਤੇ ਇਥੋਂ ਤਕ ਕਿ ਇਹ ਚੋਟੀ ਦੇ ਆਗੂ ਰਾਸ ਬਿਹਾਰੀ ਬੋਸ ਦਾ ਵਿਸਵਾਸ਼ ਪਾਤਰ ਤੇ ਸੁਨੇਹਾ-ਵਾਦਕ (Messenger) ਹੋ ਨਿਬੜਿਆ, ਜੋ ਕੇਵਲ ਇਨ੍ਹਾਂ

ਦੇ ਸਹਿਯੋਗ ਨਾਲ ਹੀ ਪੁਲਿਸ ਹੱਥੋਂ ਬਚ ਕੇ ਨਿਕਲਣ 'ਚ ਕਾਮਯਾਬ ਹੋਇਆ। ਇਥੋਂ ਤੀਕ ਕਿ ਮੁਖ਼ਬਰ ਕਿਰਪਾਲ ਸਿੰਘ ਨੂੰ ਦਦੇਹਰ ਲਿਜਾਕੇ ਮਾਰ ਮੁਕਾਉਣ ਲਈ ਵੀ ਇਨਾਂ ਨੂੰ ਨਾਲ ਭੇਜਿਆ ਗਿਆ, ਪਰ ਕਿਰਪਾਲ ਖਤਰਾ ਭਾਂਪ ਕੇ ਖਿਸਕ ਗਿਆ। ਕੁਲ ਮਿਲਾਕੇ ਇਹ ਨੌਜਵਾਨ ਰਾਸ ਬਿਹਾਰੀ, ਫ਼ੌਜੀ ਪਲਟਨਾਂ ਅਤੇ ਹੋਰ ਸਰਗਰਮ ਆਗੂਆਂ ਵਿਚਾਲੇ ਸੂਤਰਧਾਰ ਵਜੋਂ ਵਿਚਰਦਾ ਰਿਹਾ। ਲਗਭਗ 250 ਗ਼ਦਰੀਆਂ 'ਚੋਂ ਆਪ ~~ਇਕੋ-ਇਕੱਲੇ ਹੀ ਸਨ ਜਿਨ੍ਹਾਂ~~ ਨੂੰ ਟ੍ਰਿਬਿਉਨਲ ਨੇ 'ਦੂਜਾ ਸਰਾਭਾ' ਠਹਿਰਾਇਆ ਸੀ।

1927 'ਚ ਰਿਹਾਅ ਹੋਕੇ, ਦੁਬਾਰਾ ਪੜ੍ਹਾਈ ਕਰਕੇ ਆਪ ਨੇ ਅਧਿਆਪਕੀ ਤੇ ਸ਼ੌਕ ਵਜੋਂ ਹਿਕਮਤ ਦਾ ਰਾਹ ਅਪਣਾਇਆ। ਅਖੀਰਲੇ ਦਿਨ ਤੱਕ ਆਪ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ 'ਚ ਸਰਗਰਮ ਰਹੇ। ਆਪ ਜੀ ਦੁਆਰਾ ਛੰਟਾਬੰਦੀ 'ਚ ਰਚਿਤ ਆਤਮ ਕਥਾ, ਇਸ ਲੇਖਕ ਦੀ ਸੰਪਾਦਨਾ ਉਪਰਾਂਤ ਯੂਨੀਸਟਾਰ, ਚੰਡੀਗੜ੍ਹ ਵਲੋਂ 2011 'ਚ ਪਰਕਾਸ਼ਤ ਹੋਈ।

**7. ਬਾਬਾ ਹਰਭਜਨ ਸਿੰਘ ਚਮਿੰਡਾ** (**1895-1982**):

ਬਾਲੜੀ ਉਮਰੇ ਹੀ ਪ੍ਰਸਿੱਧ ਧਾਰਮਿਕ ਹਸਤੀ ਭਾਈ ਰਣਧੀਰ ਸਿੰਘ ਦੁਆਰਾ ਅੰਮ੍ਰਿਤ ਛੱਕਣ ਤੋਂ ਲੈ ਕੇ 19 ਫਰਵਰੀ 1915 ਵਾਲੇ ਫਿਰੋਜ਼ਪੁਰ ਧਾਵੇ ਤਕ ਅੰਗ-ਸੰਗ ਰਹੇ, ਜਿਸ ਦਰ 'ਚ ਉਹਨਾਂ ਭਾਈ ਸਾਹਿਬ ਅਤੇ ਸ਼ਹੀਦ ਸਰਾਭੇ ਦੇ ਆਦਾਨ-ਪਰਦਾਨ ਨੂੰ ਅਖੀਂ ਡਿਠਾ-ਵਾਚਿਆ, ਜਿਸ ਦੌਰਾਨ ਸਰਾਭ ਦਾ ਜਥੇ ਦੇ ਢੰਡਾਰੀ ਭੋਗ ਵੱਲੋਂ ਜਾਂਦੇ ਸਮੇਂ ਰਸਤੇ ਵਿੱਚ 19 ਫਰਵਰੀ ਦੀ ਬਦਲੀ ਤਾਰੀਖ਼ ਤੇ, ਸਾਹਨੇਵਾਲ ਅਖੰਡ ਪਾਠ ਮੌਕੇ ਜਥੇ ਦੇ ਕੁਝ ਸਜਣਾਂ ਵਲੋਂ ਵਿਦਰੋਹ 'ਚ ਸਮੂਲੀਅਤ ਦਾ ਧਾਰਮਿਕ ਆਧਾਰ ਤੇ ਵਿਰੋਧ ਤੇ ਭਾਈ ਸਾਹਿਬ ਦਾ ਖੰਡਣ ਵੀ ਸ਼ਾਮਿਲ ਸੀ। ਏਸੇ ਮਿਲਣੀ ਵੇਲੇ ਹੀ ਜਥੇ ਦੇ ਫਿਰੋਜ਼ਪੁਰ ਪਹੁੰਚਣ ਤੇ ਪਰਸਤਾਵਤ ਕਾਰਵਾਈਆਂ ਦੀ ਰੂਪ-ਰੇਖਾ ਤਹਿ ਕੀਤੀ ਗਈ ਸੀ।

1918 'ਚ ਰਿਹਾਈ ਮਗਰੋਂ ਇਕ ਕਵੀ ਵਜੋਂ ਵਿਚਰਦਿਆਂ ਆਪ ਜੀ ਨੇ 100 ਦੇ ਕਰੀਬ ਕੌਮੀ ਸ਼ਹੀਦਾਂ ਦੇ ਰੇਖਾ-ਚਿੱਤਰ ਉਲੀਕੇ, ਜੋ ਉਨਾਂ "ਲਹੂ ਭਿੰਨੀਆਂ ਯਾਦਾਂ" ਦੇ ਰੂਪ 'ਚ ਸੰਖੇਪ ਸਵੈ ਜੀਵਨੀ ਸਮੇਤ, ਲੇਖਕ ਨੇ ਸੰਪਾਦਤ ਕੀਤੇ ਅਤੇ ਜੋ ਯੂਨੀਸਟਾਰ ਪਬਲੀਕੇਸ਼ਨ, ਚੰਡੀਗੜ੍ਹ ਤੋਂ 2011 'ਚ ਪ੍ਰਕਾਸ਼ਤ ਹੋਈ ਸੀ।

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109

ਫੋਨ: 0172-2556314

ਈਮੇਲ: mjswaraich29@gmail.com

---